◆ ADVT ◆
ਇੱਥੇ ਇਸ਼ਤਿਹਾਰ ਦਿਓ
98700 06472 · need24.digital

NEED24 NEWS
हर ख़बर, हर शहर

ਨੀਡ 24 ਨਿਊਜ਼

ਹਰ ਖ਼ਬਰ, ਹਰ ਸ਼ਹਿਰ

◆ ADVT ◆
ਇੱਥੇ ਇਸ਼ਤਿਹਾਰ ਦਿਓ
98700 06472 · need24.digital

DIGITAL E-PAPER

PRGI APPLICATION
UNDER PROCESS
Application No.
T/GJ/2026/0619/2304/1577

GST
GSTIN
24CINPG0564Q1ZT

UDYAM REGISTERED
UDYAM-GJ-14-0003714

◆ DIGITAL NEWS NETWORK ◆
ਭਾਰਤ ਦਾ ਭਰੋਸੇਮੰਦ ਬਹੁਭਾਸ਼ੀ ਡਿਜੀਟਲ ਨਿਊਜ਼ ਨੈੱਟਵਰਕ
11+ Languages | 24×7 Live | e-Paper Daily

ਸਾਡੀ App ਡਾਊਨਲੋਡ ਕਰੋ
Download on the App Store
GET IT ON Google Play

www.need24.digital
info@need24.in
+91 98700 06472
FOLLOW US:

तेज़ | सटीक | निष्पक्ष | जनहित में | सच की आवाज़ | जन-जन की आवाज़ | निडर पत्रकारिता

PUNJAB | ਨੀਡ 24 ਨਿਊਜ਼ · ਹਰ ਖ਼ਬਰ, ਹਰ ਸ਼ਹਿਰ | 14 November 2026

CRIME

ਜਲੰਧਰ ਦੇ 333 ਸੂਰਜ ਐਨਕਲੇਵ ਵਿੱਚ ਪੁਸ਼ਪਾ ਦੇਵੀ ਤੋਂ ਸੋਨੇ ਦੇ ਕਾਨਾਂ ਦੀ ਜ਼ਬਤੀ



7 ਅਪ੍ਰੈਲ ਨੂੰ, ਪੰਜਾਬ ਦੇ ਜਲੰਧਰ ਸ਼ਹਿਰ ਦੇ 333 ਸੂਰਜ ਐਨਕਲੇਵ ਵਿੱਚ ਪੁਲਿਸ ਨੇ ਇੱਕ ਘਰੇਲੂ ਜਾਂਚ ਦੌਰਾਨ ਪੁਸ਼ਪਾ ਦੇਵੀ ਦੇ ਰਹਿਣ ਵਾਲੇ ਘਰ ਤੋਂ ਸੋਨੇ ਦੇ ਕਾਨਾਂ ਦੀ ਜ਼ਬਤੀ ਕੀਤੀ। ਜਬਤੀ ਕੀਤੇ ਗਏ ਕਾਨਾਂ ਨੂੰ ਸੋਨੇ ਦੀ ਸ਼ੁੱਧਤਾ ਅਤੇ ਮੂਲ ਦੀ ਜਾਂਚ ਲਈ ਤਸਦੀਕ ਕੇਂਦਰ ਨੂੰ ਭੇਜਿਆ ਗਿਆ। ਪੁਲਿਸ ਨੇ ਕਿਹਾ ਕਿ ਇਹ ਕਾਨਾਂ ਗੈਰਕਾਨੂੰਨੀ ਤਰੀਕੇ ਨਾਲ ਲਿਆਉਣ ਜਾਂ ਵੇਚਣ ਦੀ ਕੋਸ਼ਿਸ਼ ਦੇ ਤਹਿਤ ਮਿਲੀਆਂ ਹਨ ਅਤੇ ਕਾਨੂੰਨੀ ਕਾਰਵਾਈ ਜਾਰੀ ਰਹੇਗੀ। ਪੁਸ਼ਪਾ ਦੇਵੀ ਜਾਂ ਉਨ੍ਹਾਂ ਦੇ ਪਰਿਵਾਰ ਨੇ ਇਸ ਘਟਨਾ ਬਾਰੇ ਕੋਈ ਟਿੱ﷿ਪਣੀ ਨਹੀਂ ਕੀਤੀ।

— Sunny Kumar, Jalandhar

POLITICS

ਹਰਿਆਣਾ ਮੁਖਮੰਤਰੀ ਨਾਇਬ ਸੈਣੀ ਦੀ ਹੁਸ਼ਿਆਰਪੁਰ ਯਾਤਰਾ 'ਚ ਪੰਡਾਲ ਦੀਆਂ ਖਾਲੀ ਕੁਰਸੀਆਂ 'ਤੇ ਚਿੰਤਾ



ਹਰਿਆਣਾ ਦੇ ਮੁਖਮੰਤਰੀ ਨਾਇਬ ਸੈਣੀ ਅੱਜ ਹੁਸ਼ਿਆਰਪੁਰ ਪਹੁੰਚੇ। ਉਨ੍ਹਾਂ ਦੀ ਆਮਦ ਨੂੰ ਸਥਾਨਕ ਪ੍ਰਸ਼ਾਸਨ ਅਤੇ ਲੋਕਾਂ ਨੇ ਸਵਾਗਤ ਕੀਤਾ।

ਪੰਡਾਲ ਵਿੱਚ ਕਈ ਖਾਲੀ ਕੁਰਸੀਆਂ ਰਹਿ ਗਈਆਂ, ਜਿਸ ਕਾਰਨ ਇਵੈਂਟ ਦੇ ਆਯੋਜਕਾਂ ਵਿੱਚ ਚਿੰਤਾ ਪੈਦਾ ਹੋਈ। ਖਾਲੀ ਸੀਟਾਂ ਨੇ ਲੋਕਾਂ ਦੀ ਹਾਜ਼ਰੀ ਅਤੇ ਰੁਚੀ ਬਾਰੇ ਸਵਾਲ ਉਠਾਏ।

ਅਧਿਕਾਰੀਆਂ ਨੇ ਕਿਹਾ ਕਿ ਭਵਿੱਖ ਵਿੱਚ ਇਵੈਂਟ ਦੀ ਯੋਜਨਾ ਬਣਾਉਂਦੇ ਸਮੇਂ ਹਾਜ਼ਰੀ ਦੀ ਸਹੀ ਅੰਦਾਜ਼ਾ ਲਗਾਉਣਾ ਜ਼ਰੂਰੀ ਹੈ, ਤਾਂ ਜੋ ਇਸ ਤਰ੍ਹਾਂ ਦੀਆਂ ਸਥਿਤੀਆਂ ਤੋਂ ਬਚਿਆ ਜਾ ਸਕੇ।

— Amandeep Singh

EDUCATION

“ਮੌਲਾਨਾ ਅਜ਼ਾਦ ਅਤੇ ਅੱਜ ਦਾ ਭਾਰਤ”



“ਮੌਲਾਨਾ ਅਜ਼ਾਦ ਅਤੇ ਅੱਜ ਦਾ ਭਾਰਤ”

ਘੱਟਸੰਖਿਆਕ ਵਿਭਾਗ ਦੁਆਰਾ ਆਯੋਜਿਤ ਰਾਸ਼ਟਰੀ ਸੈਮੀਨਾਰ ਵਿੱਚ ਮੌਲਾਨਾ ਅਜ਼ਾਦ ਦੇ ਵਿਅਕਤਿਗੁਣਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ।

ਜੇਯਰਾਮ ਰਮੇਸ਼ ਜੀ ਨੇ ਪੰਡਿਤ ਨਹਿਰੂ ਜੀ ਅਤੇ ਮੌਲਾਨਾ ਅਜ਼ਾਦ ਸਾਹਿਬ ਦੇ ਵਿਰਾਸਤ ਬਾਰੇ ਵਿਸਥਾਰ ਨਾਲ ਗੱਲ ਕੀਤੀ। ਅਸ਼ੋਕ ਕੁਮਾਰ ਪਾਂਡੇ ਜੀ, ਪ੍ਰੋ. ਰਤਨਲਾਲ ਜੀ ਅਤੇ ਵਿਨੋਦ ਜਾਖੜ ਜੀ ਨੇ ਸਿੱਖਿਆ ਮੰਤਰੀ ਵਜੋਂ ਮੌਲਾਨਾ ਅਜ਼ਾਦ ਜੀ ਦੁਆਰਾ ਸਥਾਪਿਤ ਸਿੱਖਿਆ ਸੰਸਥਾਵਾਂ ਦੇ ਦੇਸ਼ ਦੇ ਨਿਰਮਾਣ ਵਿੱਚ ਕੀ ਯੋਗਦਾਨ ਹੈ, ਇਸ ਮੁੱਦੇ ਬਾਰੇ ਆਪਣੀ ਰਾਏ ਦਿੱਤੀ।


ਡਾ. ਨੌਸ਼ਾਦ ਜੀ ਨੇ ਮੌਲਾਨਾ ਅਜ਼ਾਦ ਦੀ ਪੱਤਰਕਾਰਤਾ ਬਾਰੇ ਗੱਲ ਕੀਤੀ।

ਇੰਦਿਰਾ ਭਵਨ ਦਾ ਓਡੀਟੋਰੀਅਮ ਭਰਵਾਂ ਰਿਹਾ ਅਤੇ ਸਾਰੇ ਸਾਥੀਆਂ ਨੇ ਪੂਰੇ ਕਾਰਜਕ੍ਰਮ ਨੂੰ ਯਾਦਗਾਰ ਬਣਾ ਦਿੱਤਾ।

— Sajjad Alam, New Delhi

LOCAL

ਮਕਸੂਦਾਨ ਵਿੱਚ ਵਿਰਕਾ ਮਿੱਲ ਪਲਾਂਟ ਦੇ ਸਾਹਮਣੇ ਫਲਾਇਓਵਰਾਂ ਹੇਠਾਂ ਸਨੀਚਿੰਗ ਦੀ ਘਟਨਾ



ਮਕਸੂਦਾਨ ਵਿੱਚ ਵਿਰਕਾ ਮਿੱਲ ਪਲਾਂਟ ਦੇ ਸਾਹਮਣੇ ਫਲਾਇਓਵਰਾਂ ਹੇਠਾਂ ਸਨੀਚਿੰਗ ਦੀ ਘਟਨਾ ਵਾਪਰੀ।

ਸਨੀਚਿੰਗ ਦੀ ਘਟਨਾ ਫਲਾਇਓਵਰਾਂ ਦੇ ਹੇਠਾਂ ਹੋਈ, ਜਿਸ ਨਾਲ ਸਥਾਨਕ ਲੋਕਾਂ ਵਿੱਚ ਚਿੰਤਾ ਪੈਦਾ ਹੋਈ।

ਘਟਨਾ ਦੀ ਰਿਪੋਰਟ ਸਥਾਨਕ ਅਧਿਕਾਰੀਆਂ ਨੂੰ ਦਿੱਤੀ ਗਈ।

— Sunny Kumar

CRIME

ਹੁਸ਼ਿਆਰਪੁਰ ਕੇਂਦਰੀ ਜੇਲ ਵਿੱਚ ਨਸ਼ਾ ਛਡਾਉਣ ਦੇ ਭਾਸ਼ਣਕਾਰ ‘ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ



ਪੰਜਾਬ ਦੇ ਹੁਸ਼ਿਆਰਪੁਰ ਵਿੱਚ ਸਥਿਤ ਕੇਂਦਰੀ ਜੇਲ ਨੇ ਅੱਜ ਇੱਕ ਅਸਧਾਰਨ ਘਟਨਾ ਦਰਜ ਕੀਤੀ, ਜਿੱਥੇ ਨਸ਼ਾ ਛਡਾਉਣ ਦੇ ਭਾਸ਼ਣ ਦੇਣ ਵਾਲਾ ਵਿਅਕਤੀ ਆਪਣੇ ਨਾਲ ਨਸ਼ੀਲੇ ਪਦਾਰਥ ਲੈ ਕੇ ਆਇਆ।

ਜੇਲ ਦੇ ਅਧਿਕਾਰੀਆਂ ਨੇ ਤਫ਼ਤੀਸ਼ ਦੌਰਾਨ ਪਦਾਰਥਾਂ ਦੀ ਪਕੜ ਕੀਤੀ, ਜਿਸ ਵਿੱਚ ਕਈ ਕਿਸਮਾਂ ਦੇ ਨਸ਼ੀਲੇ ਸਮੱਗਰੀ ਸ਼ਾਮਲ ਸਨ।

ਇਸ ਮਾਮਲੇ ਨੂੰ ਜੇਲ ਨੇ ‘ਸਪਲਾਈ ਮਾਮਲਾ’ ਵਜੋਂ ਦਰਜ ਕਰ ਲਿਆ ਹੈ ਅਤੇ ਸੰਬੰਧਤ ਵਿਅਕਤੀ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਹੋ ਚੁੱਕੀ ਹੈ।


ਜੇਲ ਦੇ ਮੁਖੀ ਨੇ ਕਿਹਾ ਕਿ ਜੇਲ ਦੀ ਅੰਦਰੂਨੀ ਸੁਰੱਖਿਆ ਨੂੰ ਕੜੀ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਗੈਰਕਾਨੂੰਨੀ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ।

ਇਸ ਘਟਨਾ ਨੇ ਨਸ਼ਾ ਮੁਕਤੀ ਮੁਹਿੰਮਾਂ ਦੀ ਮਹੱਤਤਾ ਨੂੰ ਦੁਬਾਰਾ ਉਜਾਗਰ ਕੀਤਾ ਹੈ, ਕਿਉਂਕਿ ਅਜਿਹੀਆਂ ਘਟਨਾਵਾਂ ਸਮਾਜ ਵਿੱਚ ਨਸ਼ਾ ਦੇ ਫੈਲਾਅ ਨੂੰ ਰੋਕਣ ਲਈ ਹੋਰ ਕਦਮ ਚੁੱਕਣ ਦੀ ਲੋੜ ਦਰਸਾਉਂਦੀਆਂ ਹਨ।

— Amandeep Singh

LOCAL

ਵਰਕਾ ਦੁੱਧ ਪਲਾਂਟ ਦੇ ਉਲਟ ਫਲਾਈਓਵਰ ਹੇਠਾਂ ਚੂਹਿਆਂ ਦੀ ਘੁਸਪੈਠ



ਵਰਕਾ ਦੁੱਧ ਪਲਾਂਟ, ਜੋ ਕਿ ਫਲਾਈਓਵਰ ਦੇ ਉਲਟ ਸਥਿਤ ਹੈ, ਹਾਲ ਹੀ ਵਿੱਚ ਚੂਹਿਆਂ ਦੀ ਘੁਸਪੈਠ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ।

ਪਲਾਂਟ ਦੇ ਹੇਠਾਂ ਦੀ ਥਾਂ 'ਤੇ ਚੂਹਿਆਂ ਦੀ ਆਉਣ-ਜਾਣ ਦੀ ਰਿਪੋਰਟ ਮਿਲੀ ਹੈ, ਜਿਸ ਦੀ ਵਜ੍ਹਾ ਨੂੰ ਅੰਦਰੂਨੀ ਸਪੇਸ ਵਿੱਚ ਕੁਝ ਖਾਮੀਆਂ ਮੰਨਿਆ ਜਾ ਰਿਹਾ ਹੈ।

ਇਸ ਘਟਨਾ ਨੇ ਸਥਾਨਕ ਅਧਿਕਾਰੀਆਂ ਅਤੇ ਪਲਾਂਟ ਪ੍ਰਬੰਧਕਾਂ ਨੂੰ ਸਫਾਈ ਅਤੇ ਸਿਹਤ ਦੇ ਮਾਪਦੰਡਾਂ ਦੀ ਜਾਂਚ ਕਰਨ ਲਈ ਉਤਸ਼ਾਹਿਤ ਕੀਤਾ ਹੈ।

— Sunny Kumar, Amritsar

VIRAL & TRENDING

ਪੰਜਾਬ: 50 ਰੁਪਏ ਨੇ ਬਦਲੀ ਕਿਸਮਤ! ਬਣ ਗਿਆ ਲੱਖਪਤੀ, ਨਿਕਲਿਆ 21 ਲੱਖ ਦਾ ਇਨਾਮ



ਪੰਜਾਬ: 50 ਰੁਪਏ ਨੇ ਬਦਲੀ ਕਿਸਮਤ! ਬਣ ਗਿਆ ਲੱਖਪਤੀ, ਨਿਕਲਿਆ 21 ਲੱਖ ਦਾ ਇਨਾਮ

Friday, Nov 13, 2026।

ਪਟਿਆਲਾ (need24)- ਕਹਿੰਦੇ ਨੇ ਜਦੋਂ ਪਰਮਾਤਮਾ ਦਿੰਦਾ ਹੈ ਤਾਂ ਛੱਪੜ ਪਾੜ ਕੇ ਦਿੰਦਾ ਹੈ, ਅਜਿਹਾ ਹੀ ਕੁਝ ਪਟਿਆਲਾ ਦੇ ਰਹਿਣ ਵਾਲੇ ਸ਼ਖ਼ਸ ਨਾਲ ਵਾਪਰਿਆ, ਜਿਸ ਦੀ ਕਿਸਮਤ ਨੇ ਅਜਿਹੀ ਪਲਟੀ ਮਾਰੀ ਕਿ ਉਹ ਲੱਖਪਤੀ ਬਣ ਗਿਆ। ਦੀਵਾਲੀ ਬੰਪਰ ਦੌਰਾਨ ਪਟਿਆਲਾ ਦੀ ਅਗਰਵਾਲ ਲਾਟਰੀ ਏਜੰਸੀ ਤੋਂ ਲਾਟਰੀ ਖ਼ਰੀਦਣ ਵਾਲੇ ਵਿਅਕਤੀ ਦੀ ਕਿਸਮਤ ਚਮਕ ਗਈ। ਮਹਿਜ਼ 50 ਰੁਪਏ ਦੀ ਖ਼ਰੀਦੀ ਗਈ ਲਾਟਰੀ ਵਿੱਚੋਂ 21 ਲੱਖ ਰੁਪਏ ਦਾ ਇਨਾਮ ਨਿਕਲਣ ਕਾਰਨ ਲਾਟਰੀ ਏਜੰਸੀ 'ਤੇ ਖ਼ੁਸ਼ੀ ਦਾ ਮਾਹੌਲ ਬਣ ਗਿਆ।

ਲਾਟਰੀ ਜਿੱਤਣ ਵਾਲੇ ਵਿਅਕਤੀ ਦੀ ਪਛਾਣ ਰੁਲਦੂ ਵਾਸੀ ਗੋਰਖਪੁਰ (ਯੂ.ਪੀ) ਹਾਲ ਵਾਸੀ ਸਮਾਣਾ ਵਜੋਂ ਹੋਈ ਹੈ। ਇਨਾਮ ਜਿੱਤਣ ਵਾਲੇ ਵਿਅਕਤੀ ਰੁਲਦੂ ਨੇ ਦੱਸਿਆ ਕਿ ਉਹ ਪਹਿਲਾਂ ਵੀ ਕਈ ਵਾਰ ਲਾਟਰੀ ਖ਼ਰੀਦਦਾ ਸੀ ਪਰ ਕਦੇ ਇਨਾਮ ਨਹੀਂ ਨਿਕਲਿਆ। ਇਸ ਵਾਰ ਉਸ ਦੇ ਇਕ ਦੋਸਤ ਅੰਗਰੇਜ਼ ਸਿੰਘ ਨੇ ਜ਼ੋਰ ਪਾ ਕੇ ਲਾਟਰੀ ਖ਼ਰੀਦਣ ਲਈ ਕਿਹਾ। ਦੋਸਤ ਨੇ ਵੀ 50 ਰੁਪਏ ਦੀ ਲਾਟਰੀ ਖ਼ਰੀਦੀ ਅਤੇ ਉਸ ਨੇ ਵੀ ਲਾਟਰੀ ਖ਼ਰੀਦੀ ਪਰ ਕਿਸਮਤ ਨੇ ਉਸ ਦਾ ਸਾਥ ਦਿੱਤਾ ਅਤੇ ਉਸ ਦੀ ਲਾਟਰੀ ਵਿੱਚੋਂ 21 ਲੱਖ ਰੁਪਏ ਦਾ ਇਨਾਮ ਨਿਕਲ ਆਇਆ।

— Shamsher Singh

LOCAL

ਜਲੰਧਰ-ਟਾਂਡਾ ਹਾਈਵੇ 'ਤੇ ਦੋ ਗੱਡੀਆਂ ਦੀ ਟੱਕਰ, ਦੋਵੇਂ ਡਰਾਈਵਰ ਸੁਰੱਖਿਅਤ



ਜਲੰਧਰ ਤੋਂ ਟਾਂਡਾ ਹਾਈਵੇ 'ਤੇ ਅੱਜ ਸਵੇਰੇ 11.30 ਵਜੇ ਦੋ ਗੱਡੀਆਂ ਦੀ ਟੱਕਰ ਹੋਈ। ਇਹ ਦੋਵੇਂ ਗੱਡੀਆਂ ਦਸੂਰਾ ਤੋਂ ਜਲੰਧਰ ਵੱਲ ਆ ਰਹੀਆਂ ਸਨ ਅਤੇ ਗੈਟ ਰੋਡ 'ਤੇ, ਡੀ.ਏ.ਵੀ. ਯੂਨੀਵਰਸਿਟੀ ਦੇ ਨੇੜੇ, ਇਕ ਦੂਜੇ ਨਾਲ ਟੱਕਰ ਗਈਆਂ।

ਟੱਕਰ ਕਾਰਨ ਦੋਵੇਂ ਗੱਡੀਆਂ ਨੂੰ ਕਾਫੀ ਨੁਕਸਾਨ ਪਹੁੰਚਿਆ, ਪਰ ਦੋਵੇਂ ਡਰਾਈਵਰਾਂ ਦੀ ਹਾਲਤ ਠੀਕ ਰਹੀ। ਕੋਈ ਗੰਭੀਰ ਚੋਟ ਜਾਂ ਮੌਤ ਦੀ ਰਿਪੋਰਟ ਨਹੀਂ ਮਿਲੀ।

ਅਧਿਕਾਰੀਆਂ ਨੇ ਟਰੈਫਿਕ ਨੂੰ ਥੋੜ੍ਹਾ ਸਮਾਂ ਲਈ ਰੋਕਿਆ ਅਤੇ ਮੁਰੰਮਤ ਕਾਰਜ ਸ਼ੁਰੂ ਕੀਤਾ। ਦੋਵੇਂ ਡਰਾਈਵਰਾਂ ਨੂੰ ਘਟਨਾ ਦੀ ਜਾਂਚ ਲਈ ਪੁੱਛਗਿੱਛ ਕੀਤੀ ਗਈ।

— Sunny Kumar, Jalandhar

POLITICS

ਝਬਾਲ ਵਿਖੇ ਇਲਾਕੇ ਦੇ ਸਰਪੰਚਾਂ ਨਾਲ ਮੀਟਿੰਗ ਦੌਰਾਨ ਸ ਹਰਮੀਤ ਸਿੰਘ ਸੰਧੂ




ਅੱਜ ਅੱਡਾ ਝਬਾਲ ਵਿਖੇ ਸਰਦਾਰ ਹਰਮੀਤ ਸਿੰਘ ਸੰਧੂ ਨੇ ਇਲਾਕੇ ਦੇ ਸਰਪੰਚਾਂ ਨਾਲ ਮੀਟਿੰਗ ਕੀਤੀ । ਉਨ੍ਹਾਂ ਸਰਪੰਚ ਕੋਲੋਂ ਆ ਰਹੀਆਂ ਮੁਸ਼ਕਿਲਾਂ ਸੁਣੀਆਂ ਅਤੇ ਮੌਕੇ ਤੇ ਹੀ ਉਨ੍ਹਾਂ ਮੁਸ਼ਕਿਲਾਂ ਦਾ ਹੱਲ ਕਰਵਾਇਆ । ਇਲਾਕੇ ਦੇ ਸਮੂਹ ਸਰਪੰਚਾਂ ਨੇ ਮੀਟਿੰਗ ਵਿੱਚ ਪਹੁੰਚਕੇ ਅਪਣੇ ਮਸਲਿਆਂ ਦਾ ਹੱਲ ਕਰਵਾਇਆ ।

ਸਰਦਾਰ ਹਰਮੀਤ ਸਿੰਘ ਸੰਧੂ ਨੇ ਆਮ ਆਦਮੀ ਪਾਰਟੀ ਦੀਆ ਲੋਕ ਭਲਾਈ ਦੀਆਂ ਜੋ ਜੋ ਸਕੀਮਾਂ ਚੱਲ ਰਹੀਆਂ ਹਨ ਉਨ੍ਹਾਂ ਤੋਂ ਸਰਪੰਚ ਨੂੰ ਜਾਣੂ ਕਰਵਾਇਆ ਤੇ ਕਿਹਾ ਕਿ ਉਹ ਆਪਣੇ ਪਿੰਡਾ ਵਿੱਚ ਜਾ ਕੇ ਆਮ ਲੋਕਾਂ ਨੂੰ ਵੀ ਇਹਨਾਂ ਸਕੀਮਾਂ ਤੋਂ ਜਾਣੂ ਕਰਵਾਉਣ ਜੋ ਕੇ ਕੋਈ ਵੀ ਪਿੰਡਾਂ ਵਾਸੀ ਇਨ੍ਹਾਂ ਸਕੀਮਾਂ ਤੋਂ ਵਾਂਝਾ ਨਾ ਰਹਿ ਜਾਵੇ ।

— Parkash singh

LOCAL

ਜਲੰਧਰ-ਟੰਡਾ ਹਾਈਵੇ 'ਤੇ ਰੋਜ਼ਾਨਾ ਟ੍ਰੈਫਿਕ ਜਾਮ: ਸਥਾਨਕ ਨਿਵਾਸੀਆਂ ਦੀ ਚਿੰਤਾ



ਜਲੰਧਰ ਤੋਂ ਟੰਡਾ ਤੱਕ ਦੀ ਹਾਈਵੇ, ਜੋ ਕਿ ਦੋਵੇਂ ਸ਼ਹਿਰਾਂ ਨੂੰ ਜੋੜਦੀ ਹੈ, ਹਰ ਰੋਜ਼ ਟ੍ਰੈਫਿਕ ਜਾਮ ਦੀ ਸਮੱਸਿਆ ਦਾ ਸਾਹਮਣਾ ਕਰਦੀ ਰਹੀ ਹੈ। ਇਹ ਰਸਤਾ ਸਥਾਨਕ ਯਾਤਰੀਆਂ ਅਤੇ ਵਪਾਰਕ ਵਾਹਨਾਂ ਲਈ ਮੁੱਖ ਰਸਤਾ ਹੈ।

ਇਸ ਸਮੱਸਿਆ ਦੇ ਮੁੱਖ ਕਾਰਣਾਂ ਵਿੱਚ ਸੜਕ ਦੀ ਸੰਕੁਚਿਤ ਚੌੜਾਈ, ਵਧ ਰਹੇ ਵਾਹਨਾਂ ਦੀ ਗਿਣਤੀ, ਅਤੇ ਉਚਿਤ ਟ੍ਰੈਫਿਕ ਸੰਕੇਤਾਂ ਦੀ ਕਮੀ ਸ਼ਾਮਲ ਹਨ। ਇਨ੍ਹਾਂ ਕਾਰਨਾਂ ਕਰਕੇ ਸੜਕ 'ਤੇ ਭੀੜ ਵਧਦੀ ਰਹਿੰਦੀ ਹੈ।


ਇਸ ਦੇ ਨਤੀਜੇ ਵਜੋਂ ਯਾਤਰੀਆਂ ਨੂੰ ਲੰਬੇ ਸਮੇਂ ਤੱਕ ਰੁਕਣ ਦੀ ਪਰੇਸ਼ਾਨੀ, ਇੰਧਨ ਦੀ ਵਧੀ ਖਪਤ, ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਥਾਨਕ ਨਿਵਾਸੀਆਂ ਨੇ ਆਪਣੀ ਅਸੰਤੁਸ਼ਟੀ ਜ਼ਾਹਰ ਕੀਤੀ ਹੈ।

ਸਥਾਨਕ ਟਰਾਂਸਪੋਰਟ ਵਿਭਾਗ ਨੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਸੜਕ ਦੀ ਚੌੜਾਈ ਵਧਾਉਣ, ਟ੍ਰੈਫਿਕ ਲਾਈਟਾਂ ਲਗਾਉਣ ਅਤੇ ਵਿਕਲਪਿਕ ਰਸਤੇ ਬਣਾਉਣ ਦੀ ਯੋਜਨਾ ਬਣਾਈ ਹੈ, ਪਰ ਲਾਗੂ ਕਰਨ ਵਿੱਚ ਦੇਰੀ ਹੋ ਰਹੀ ਹੈ।

— Sunny Kumar, Jalandhar

LOCAL

ਜਲੰਧਰ-ਤੰਦ ਰੋਡ ਹਾਈਵੇ 'ਤੇ ਸੜਕ ਦੀਆਂ ਬੱਤੀਆਂ ਬੰਦ




ਜਲੰਧਰ-ਤੰਦ ਰੋਡ ਹਾਈਵੇ 'ਤੇ ਸੜਕ ਦੀਆਂ ਬੱਤੀਆਂ ਬੰਦ ਹੋ ਗਈਆਂ ਹਨ।

ਇਹ ਰਸਤਾ ਜਲੰਧਰ ਅਤੇ ਤੰਦ ਨੂੰ ਜੋੜਦਾ ਹੈ ਅਤੇ ਦਿਨ-ਰਾਤ ਯਾਤਰੀਆਂ ਅਤੇ ਵਪਾਰਕ ਵਾਹਨਾਂ ਦੁਆਰਾ ਵਰਤਿਆ ਜਾਂਦਾ ਹੈ।

ਬੱਤੀਆਂ ਬੰਦ ਹੋਣ ਨਾਲ ਰਾਤ ਦੇ ਸਮੇਂ ਯਾਤਰਾ ਵਿੱਚ ਸੁਰੱਖਿਆ ਸੰਬੰਧੀ ਚਿੰਤਾਵਾਂ ਵਧ ਸਕਦੀਆਂ ਹਨ।

— Sunny Kumar, Jalandhar

ਜਲੰਧਰ-ਅੰਮ੍ਰਿਤਸਰ ਹਾਈਵੇ 'ਤੇ ਰਾਤ ਨੂੰ ਕੋਈ ਵੀ ਸਟਰੀਟ ਲਾਈਟ ਨਹੀਂ ਚੱਲ ਰਹੀ



ਜਲੰਧਰ ਤੋਂ ਅੰਮ੍ਰਿਤਸਰ ਤੱਕ ਦੀ ਹਾਈਵੇ 'ਤੇ ਰਾਤ ਦੇ ਸਮੇਂ ਕੋਈ ਵੀ ਸਟਰੀਟ ਲਾਈਟ ਚੱਲ ਰਹੀ ਨਹੀਂ ਹੈ। ਇਹ ਹਾਲਤ ਰਸਤੇ ਉੱਤੇ ਯਾਤਰਾ ਕਰਨ ਵਾਲੇ ਡਰਾਈਵਰਾਂ ਅਤੇ ਯਾਤਰੀਆਂ ਲਈ ਗੰਭੀਰ ਚਿੰਤਾ ਦਾ ਕਾਰਨ ਬਣੀ ਹੈ।

ਰੋਸ਼ਨੀ ਦੀ ਘਾਟ ਕਾਰਨ ਗੱਡੀ ਚਲਾਉਣ ਵਾਲਿਆਂ ਨੂੰ ਦਿੱਖ ਘੱਟ ਹੋ ਜਾਂਦੀ ਹੈ, ਜਿਸ ਨਾਲ ਟੱਕਰ ਜਾਂ ਹੋਰ ਹਾਦਸਿਆਂ ਦੀ ਸੰਭਾਵਨਾ ਵਧਦੀ ਹੈ। ਯਾਤਰੀਆਂ ਨੂੰ ਆਪਣੀ ਗੱਡੀ ਦੀ ਹੈੱਡਲਾਈਟ 'ਤੇ ਨਿਰਭਰ ਹੋਣਾ ਪੈ ਰਿਹਾ ਹੈ, ਜੋ ਕਿ ਲੰਬੀ ਦੂਰੀ ਅਤੇ ਉੱਚ ਗਤੀ ਵਾਲੀ ਹਾਈਵੇ ਲਈ ਕਾਫੀ ਨਹੀਂ।

ਇਸ ਹਾਲਤ ਦੇ ਕਾਰਨ ਰਾਤ ਦੀ ਯਾਤਰਾ ਕਰਦੇ ਲੋਕਾਂ ਨੂੰ ਵਾਧੂ ਸਾਵਧਾਨੀ ਬਰਤਣੀ ਪੈ ਰਹੀ ਹੈ, ਪਰ ਮੌਜੂਦਾ ਜਾਣਕਾਰੀ ਅਨੁਸਾਰ ਇਸ ਸਮੱਸਿਆ ਦਾ ਕੋਈ ਹੱਲ ਜਾਂ ਸੁਧਾਰ ਹਾਲੇ ਤੱਕ ਨਹੀਂ ਦਿੱਤਾ ਗਿਆ।

— Sunny Kumar, Jalandhar

ਜਨਗਣਨਾ-2027 ਦੇ ਦੂਜੇ ਪੜਾਅ ਲਈ ਸੁਪਰਵਾਈਜ਼ਰਾਂ ਨੂੰ ਵੰਡੇ ਨਿਯੁਕਤੀ ਪੱਤਰ



ਕਮਿਸ਼ਨਰ ਲਵਜੀਤ ਕਲਸੀ ਨੇ ਸੁਪਰਵਾਈਜ਼ਰਾਂ ਨੂੰ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣ ਦੀਆਂ ਹਦਾਇਤਾਂ ਦਿੱਤੀਆਂ

ਬਠਿੰਡਾ, 13 ਨਵੰਬਰ (ਜੀਵਨ ਬਾਂਸਲ): ਭਾਰਤ ਦੀ ਜਨਗਣਨਾ-2027 ਦੇ ਦੂਜੇ ਪੜਾਅ ਦੀਆਂ ਤਿਆਰੀਆਂ ਤਹਿਤ ਨਗਰ ਨਿਗਮ ਬਠਿੰਡਾ ਵੱਲੋਂ ਨਿਯੁਕਤ ਕੀਤੇ ਗਏ ਸੁਪਰਵਾਈਜ਼ਰਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ। ਇਹ ਨਿਯੁਕਤੀ ਪੱਤਰ ਪ੍ਰਿੰਸੀਪਲ ਸੈਂਸਸ ਅਫ਼ਸਰ-ਕਮ-ਕਮਿਸ਼ਨਰ ਨਗਰ ਨਿਗਮ ਬਠਿੰਡਾ ਮੈਡਮ ਲਵਜੀਤ ਕਲਸੀ ਵੱਲੋਂ ਸੌਂਪੇ ਗਏ।

ਇਸ ਮੌਕੇ ਕਮਿਸ਼ਨਰ ਲਵਜੀਤ ਕਲਸੀ ਨੇ ਕਿਹਾ ਕਿ ਜਨਗਣਨਾ ਦੇਸ਼ ਦੇ ਵਿਕਾਸ ਅਤੇ ਭਵਿੱਖ ਦੀਆਂ ਯੋਜਨਾਵਾਂ ਤਿਆਰ ਕਰਨ ਲਈ ਬਹੁਤ ਮਹੱਤਵਪੂਰਨ ਪ੍ਰਕਿਰਿਆ ਹੈ। ਇਸ ਰਾਹੀਂ ਇਕੱਤਰ ਕੀਤਾ ਜਾਣ ਵਾਲਾ ਡਾਟਾ ਸਰਕਾਰ ਨੂੰ ਵਿਕਾਸ ਕਾਰਜਾਂ, ਬੁਨਿਆਦੀ ਸਹੂਲਤਾਂ, ਸ਼ਹਿਰੀ ਯੋਜਨਾਬੰਦੀ ਅਤੇ ਲੋਕ ਭਲਾਈ ਸਕੀਮਾਂ ਸਬੰਧੀ ਨੀਤੀਆਂ ਬਣਾਉਣ ਵਿੱਚ ਸਹਾਇਤਾ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਰਾਸ਼ਟਰੀ ਕਾਰਜ ਨੂੰ ਇਮਾਨਦਾਰੀ, ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਨੇਪਰੇ ਚਾੜ੍ਹਨਾ ਹਰੇਕ ਅਧਿਕਾਰੀ ਅਤੇ ਕਰਮਚਾਰੀ ਦੀ ਜ਼ਿੰਮੇਵਾਰੀ ਹੈ।

ਉਨ੍ਹਾਂ ਨਿਯੁਕਤ ਕੀਤੇ ਗਏ ਸੁਪਰਵਾਈਜ਼ਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਅਧੀਨ ਕੰਮ ਕਰਨ ਵਾਲੇ ਗਣਨਾਕਾਰਾਂ ਨਾਲ ਬਿਹਤਰ ਤਾਲਮੇਲ ਬਣਾਈ ਰੱਖਣ ਅਤੇ ਨਿਰਧਾਰਤ ਹਦਾਇਤਾਂ ਅਨੁਸਾਰ ਕੰਮ ਨੂੰ ਸਮੇਂ ਸਿਰ ਮੁਕੰਮਲ ਕਰਵਾਉਣ। ਉਨ੍ਹਾਂ ਨੂੰ ਲੋਕਾਂ ਨੂੰ ਜਨਗਣਨਾ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਅਤੇ ਇਸ ਪ੍ਰਕਿਰਿਆ ਵਿੱਚ ਆਮ ਨਾਗਰਿਕਾਂ ਦਾ ਵੱਧ ਤੋਂ ਵੱਧ ਸਹਿਯੋਗ ਲੈਣ ਲਈ ਵੀ ਕਿਹਾ ਗਿਆ।

ਜ਼ਿਕਰਯੋਗ ਹੈ ਕਿ ਜਨਗਣਨਾ-2027 ਦੇ ਦੂਜੇ ਪੜਾਅ ਤਹਿਤ ਘਰਾਂ ਦੀ ਗਣਨਾ ਅਤੇ ਪਰਿਵਾਰਾਂ ਨਾਲ ਸਬੰਧਤ ਲੋੜੀਂਦੀ ਜਾਣਕਾਰੀ ਇਕੱਤਰ ਕੀਤੀ ਜਾਣੀ ਹੈ। ਇਸ ਪ੍ਰਕਿਰਿਆ ਵਿੱਚ ਸਵੈ-ਗਣਨਾ ਨੂੰ ਵੀ ਮਹੱਤਵ ਦਿੱਤਾ ਗਿਆ ਹੈ। ਇਸ ਰਾਹੀਂ ਨਾਗਰਿਕ ਆਨਲਾਈਨ ਪੋਰਟਲ https://se.census.gov.in ’ਤੇ ਆਪਣੀ ਜਾਣਕਾਰੀ ਖੁਦ ਦਰਜ ਕਰ ਸਕਦੇ ਹਨ। ਨਗਰ ਨਿਗਮ ਵੱਲੋਂ ਸ਼ਹਿਰ ਵਾਸੀਆਂ ਨੂੰ ਇਸ ਸਬੰਧੀ ਜਾਗਰੂਕ ਕਰਨ ਅਤੇ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਮੌਕੇ ਸੈਂਸਸ ਸੁਪਰਡੈਂਟ ਪ੍ਰਦੀਪ ਕੁਮਾਰ ਮਿੱਤਲ ਨੇ ਜਨਗਣਨਾ ਸਬੰਧੀ ਕੀਤੀਆਂ ਜਾ ਰਹੀਆਂ ਤਿਆਰੀਆਂ ਅਤੇ ਪ੍ਰਬੰਧਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਨਗਰ ਨਿਗਮ ਦੀ ਸੈਂਸਸ ਟੀਮ ਦੇ ਮੈਂਬਰ ਬਲਵਾਨ ਸਿੰਘ, ਰਾਜਲ ਬਾਂਸਲ, ਲਲਿਤ ਕੁਮਾਰ, ਲਖਵੀਰ ਸਿੰਘ, ਇਸ਼ੂ ਬਾਂਸਲ ਅਤੇ ਟੈਕਨੀਕਲ ਅਸਿਸਟੈਂਟ ਵੀ ਹਾਜ਼ਰ ਸਨ।

— Jiwan kumar, Bathinda

ਅਤੇ ਟੈਨਿਸ ਕ੍ਰਿਕਟ ਟੂਰਨਾਮੈਂਟ 15 ਅਤੇ 16 ਨਵੰਬਰ ਨੂੰ



20 ਪਿੰਡਾਂ ਦੀਆਂ ਟੀਮਾਂ ਲੈਣਗੀਆਂ ਹਿੱਸਾ, ਜੇਤੂ ਟੀਮਾਂ ਨੂੰ ਮਿਲੇਗੀ 51 ਹਜ਼ਾਰ ਰੁਪਏ ਤੱਕ ਦੀ ਇਨਾਮੀ ਰਾਸ਼ੀ

ਬਠਿੰਡਾ, 13 ਨਵੰਬਰ (ਜੀਵਨ ਬਾਂਸਲ): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ 20 ਪਿੰਡਾਂ ਦੇ ਵਾਲੀਬਾਲ ਅਤੇ ਟੈਨਿਸ ਕ੍ਰਿਕਟ ਮੁਕਾਬਲੇ ਹੁਣ 15 ਅਤੇ 16 ਨਵੰਬਰ ਨੂੰ ਕਰਵਾਏ ਜਾਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਨਸ਼ਿਆਂ ਤੋਂ ਵਧੇਰੇ ਪ੍ਰਭਾਵਿਤ 20 ਪਿੰਡਾਂ ਨੂੰ ਚਾਰ ਕਲੱਸਟਰਾਂ ਵਿੱਚ ਵੰਡਿਆ ਗਿਆ ਹੈ। ਇਨ੍ਹਾਂ ਕਲੱਸਟਰਾਂ ਅਧੀਨ ਪਿੰਡਾਂ ਦੀਆਂ ਟੀਮਾਂ ਵਿਚਕਾਰ 15 ਅਤੇ 16 ਨਵੰਬਰ ਨੂੰ ਖੇਡ ਮੁਕਾਬਲੇ ਕਰਵਾਏ ਜਾਣਗੇ। ਚਾਰਾਂ ਕਲੱਸਟਰਾਂ ਵਿੱਚੋਂ ਜੇਤੂ ਟੀਮਾਂ ਦੇ ਆਪਸੀ ਮੁਕਾਬਲੇ 22 ਅਤੇ 23 ਨਵੰਬਰ ਨੂੰ ਭੋਖੜਾ ਵਿਖੇ ਹੋਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਾਰੀਆਂ ਟੀਮਾਂ ਨੂੰ ਪੰਜਾਬ ਸਰਕਾਰ ਵੱਲੋਂ ਖੇਡ ਕਿੱਟਾਂ ਮੁਹੱਈਆ ਕਰਵਾਈਆਂ ਜਾਣਗੀਆਂ। ਜੇਤੂ ਟੀਮਾਂ ਨੂੰ ਪਹਿਲਾ ਸਥਾਨ ਹਾਸਲ ਕਰਨ ’ਤੇ 51 ਹਜ਼ਾਰ ਰੁਪਏ, ਦੂਜਾ ਸਥਾਨ ਹਾਸਲ ਕਰਨ ’ਤੇ 31 ਹਜ਼ਾਰ ਰੁਪਏ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 21 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਨਸ਼ਿਆਂ ਤੋਂ ਲੋਕਾਂ ਨੂੰ ਨਿਜਾਤ ਦਿਵਾਉਣ ਅਤੇ ਪਿੰਡਾਂ ਵਿੱਚ ਸੁਰੱਖਿਅਤ ਮਾਹੌਲ ਬਣਾਉਣ ਲਈ ਵੀ ਵੱਖ-ਵੱਖ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਪਿੰਡ ਹਰਰਾਏਪੁਰ ਵਿੱਚ ਅਹਿਮ ਥਾਵਾਂ ’ਤੇ ਤਿੰਨ ਸੀਸੀਟੀਵੀ ਕੈਮਰੇ ਲਗਾਏ ਗਏ ਹਨ। ਇਸ ਤੋਂ ਇਲਾਵਾ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਖੇਡ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਸੇ ਤਰ੍ਹਾਂ ਪਿੰਡ ਭਾਈ ਬਖਤੌਰ ਦੇ ਖੇਡ ਸਟੇਡੀਅਮ ਵਿੱਚ ਲਾਈਟਾਂ ਲਗਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ। ਪਿੰਡ ਕਲਿਆਣ ਸੱਦਾ ਵਿਖੇ ਸ਼ਮਸ਼ਾਨਘਾਟ, ਬੱਸ ਸਟੈਂਡ ਅਤੇ ਪੀਰਖਾਨਾ ਰੋਡ ’ਤੇ ਸੀਸੀਟੀਵੀ ਕੈਮਰੇ ਲਗਾਏ ਗਏ ਹਨ। ਪਿੰਡ ਦੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ ਗਿਆ।

— Jiwan kumar, Bathinda

ਅਮਨਪ੍ਰੀਤ ਸਿੰਘ ਨੇ ਐਸ ਡੀ ਐਮ ਤਰਨ ਤਾਰਨ ਵਜੋਂ ਚਾਰਜ ਸੰਭਾਲਿਆ



ਤਰਨ ਤਾਰਨ, 13 ਨਵੰਬਰ (ਪ੍ਰਕਾਸ਼ ਸਿੰਘ)

2020 ਬੈਚ ਦੇ ਪੀ. ਸੀ. ਐਸ ਅਫ਼ਸਰ ਅਮਨਪ੍ਰੀਤ ਸਿੰਘ ਨੇ ਐਸ.ਡੀ.ਐਮ ਤਰਨ ਤਾਰਨ ਵਜੋਂ ਚਾਰਜ ਸੰਭਾਲ ਲਿਆ ਹੈ। ਉਨ੍ਹਾਂ ਕੋਲ ਰੀਜਨਲ ਟਰਾਂਸਪੋਰਟ ਅਫ਼ਸਰ ਤਰਨ ਤਾਰਨ ਦਾ ਵਾਧੂ ਚਾਰਜ ਵੀ ਰਹੇਗਾ। ਇਸ ਤੋਂ ਪਹਿਲਾਂ ਉਹ ਸੰਯੁਕਤ ਕਮਿਸ਼ਨਰ, ਨਗਰ ਨਿਗਮ ਲੁਧਿਆਣਾ ਵਜੋਂ ਸੇਵਾਵਾਂ ਨਿਭਾਅ ਰਹੇ ਸਨ।

ਆਪਣੇ ਅਹੁਦੇ ਦਾ ਚਾਰਜ ਸੰਭਾਲਦਿਆਂ ਅਮਨਪ੍ਰੀਤ ਸਿੰਘ ਨੇ ਕਿਹਾ ਕਿ ਉਹ ਡਿਪਟੀ ਕਮਿਸ਼ਨਰ ਡਾ. ਨਿਰਮਲ ਓਸੇਪਚਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀਆਂ ਯੋਜਨਾਵਾਂ ਨੂੰ ਹੋਰ ਬਿਹਤਰ ਢੰਗ ਨਾਲ ਲਾਗੂ ਕਰਨ ਨੂੰ ਤਰਜੀਹ ਦੇਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਟੀਚਾ ਲੋਕਾਂ ਨੂੰ ਸਾਫ-ਸੁਥਰਾ, ਪ੍ਰਭਾਵਸ਼ਾਲੀ, ਕੁਸ਼ਲ ਅਤੇ ਪਾਰਦਰਸ਼ੀ ਪ੍ਰਸ਼ਾਸਨ ਪ੍ਰਦਾਨ ਕਰਨ ਦੇ ਨਾਲ-ਨਾਲ ਪੰਜਾਬ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮਾਂ ਅਤੇ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਹੋਵੇਗਾ।


ਉਨ੍ਹਾਂ ਕਿਹਾ ਕਿ ਤਰਨ ਤਾਰਨ ਵਾਸੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਬਾਰੇ ਉਨ੍ਹਾਂ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਸਮਾਂਬੱਧ ਢੰਗ ਨਾਲ ਕੀਤਾ ਜਾਵੇਗਾ। ਇਸ ਮੌਕੇ ਦਫ਼ਤਰ ਦੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਅਮਨਪ੍ਰੀਤ ਸਿੰਘ ਇਸ ਤੋਂ ਪਹਿਲਾਂ ਵੀ ਤਰਨ ਤਾਰਨ ਵਿਖੇ ਐਸ.ਡੀ.ਐਮ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ।

-ਐਸ.ਡੀ.ਐਮ ਤਰਨ ਤਾਰਨ ਵਜੋਂ ਚਾਰਜ ਸੰਭਾਲਦੇ ਹੋਏ ਅਮਨਪ੍ਰੀਤ ਸਿੰਘ।

— Parkash singh

RELIGION

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਤੇ ਲੱਖਾਂ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਈਆਂ ।



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਮੌਕੇ ਲੱਖਾਂ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਈਆਂ ।

— Parkash singh

ਅੱਜ ਦੇ ਸੋਨੇ ਤੇ ਚਾਂਦੀ ਦੇ ਭਾਅ



ਅੱਜ ਦੇ ਸੋਨੇ ਤੇ ਚਾਂਦੀ ਦੇ ਭਾਅ

— Tarun Kumar

IND vs NZ 4th ODI: ਨਿਊਜ਼ੀਲੈਂਡ ਨੇ ਭਾਰਤ ਨੂੰ 244 ਦੌੜਾਂ ਨਾਲ ਹਰਾਇਆ, 89 ਦੌੜਾਂ 'ਤੇ ਸਿਮਟੀ ਟੀਮ ਇੰਡੀਆ



IND vs NZ 4th ODI: ਨਿਊਜ਼ੀਲੈਂਡ ਨੇ ਭਾਰਤ ਨੂੰ 244 ਦੌੜਾਂ ਨਾਲ ਹਰਾਇਆ, 89 ਦੌੜਾਂ 'ਤੇ ਸਿਮਟੀ ਟੀਮ ਇੰਡੀਆ

— Tarun Kumar

LOCAL

ਅਰਸ਼ ਨਵਾਜ਼ ਨਾਲ ਇੰਦ੍ਰਾ ਭਵਨ ਵਿੱਚ ਵਿਸ਼ੇਸ਼ ਮੁਲਾਕਾਤ, ਦਿੱਲੀ



ਦਿੱਲੀ ਵਿੱਚ ਸਥਿਤ ਇੰਦ੍ਰਾ ਭਵਨ ਵਿੱਚ ਅਰਸ਼ ਨਵਾਜ਼ ਨਾਲ ਵਿਸ਼ੇਸ਼ ਮੁਲਾਕਾਤ ਦਾ ਮੌਕਾ ਮਿਲਿਆ, ਜਿਸ ਵਿੱਚ ਉਨ੍ਹਾਂ ਨੇ ਵੱਖ-ਵੱਖ ਸਮਾਜਿਕ ਅਤੇ ਸਮਸਾਮੀਕ ਮੁੱਦਿਆਂ ’ਤੇ ਵਿਚਾਰ-ਵਟਾਂਦਰਾ ਕੀਤਾ।

ਮੁਲਾਕਾਤ ਦੌਰਾਨ ਦੋਨੋਂ ਪੱਖਾਂ ਨੇ ਆਪਣੇ-ਆਪਣੇ ਅਨੁਭਵ ਅਤੇ ਦ੍ਰਿਸ਼ਟੀਕੋਣ ਸਾਂਝੇ ਕੀਤੇ, ਜਿਸ ਨਾਲ ਵਿਚਾਰਾਂ ਦੀ ਅਦਲ-ਬਦਲ ਹੋਈ ਅਤੇ ਨਵੇਂ ਦ੍ਰਿਸ਼ਟੀਕੋਣ ਉਭਰੇ।

ਇਸ ਗੱਲਬਾਤ ਨੂੰ ਆਪਸੀ ਸੰਵਾਦ, ਵਿਚਾਰਾਂ ਦੀ ਸਾਂਝ ਅਤੇ ਨਵੇਂ ਤਜਰਬਿਆਂ

ਕੈਂਥ ਅਤੇ ਜ਼ਿਲ੍ਹਾ ਬੀ.ਸੀ.ਸੀ. ਨਰਿੰਦਰ ਕੁਮਾਰ ਨੇ ਦੱਸਿਆ ਕਿ ਬੱਚਿਆਂ ਨੂੰ ਛੇ ਮਹੀਨੇ ਤੱਕ ਸਿਰਫ਼ ਮਾਂ ਦਾ ਦੁੱਧ ਪਿਲਾਉਣਾ ਅਤੇ ਸਮੇਂ ਸਿਰ ਪੂਰਾ ਟੀਕਾਕਰਨ ਕਰਵਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਠੰਢ ਅਤੇ ਪ੍ਰਦੂਸ਼ਿਤ ਧੂੰਏਂ ਤੋਂ ਬਚਾਉਣ, ਘਰਾਂ ਵਿੱਚ ਸਾਫ਼ ਹਵਾ ਦਾ ਪ੍ਰਬੰਧ ਕਰਨ ਅਤੇ ਬੱਚਿਆਂ ਦੇ ਆਲੇ-ਦੁਆਲੇ ਸਿਗਰਟਨੋਸ਼ੀ ਨਾ ਕਰਨ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਿਮੋਨੀਆ ਦੇ ਲੱਛਣ ਦਿਖਾਈ ਦੇਣ ’ਤੇ ਘਰੇਲੂ ਇਲਾਜ ਵਿੱਚ ਸਮਾਂ ਬਰਬਾਦ ਕਰਨ ਦੀ ਬਜਾਏ ਤੁਰੰਤ ਸਿਹਤ ਸੰਸਥਾ ਵਿੱਚ ਪਹੁੰਚ ਕੇ ਡਾਕਟਰੀ ਸਲਾਹ ਲਈ ਜਾਵੇ। ਸਿਹਤ ਵਿਭਾਗ ਵੱਲੋਂ ਵੱਖ-ਵੱਖ ਸਿਹਤ ਕੇਂਦਰਾਂ ਅਤੇ ਜਾਗਰੂਕਤਾ ਗਤੀਵਿਧੀਆਂ ਰਾਹੀਂ ਲੋਕਾਂ ਨੂੰ ਇਸ ਬਿਮਾਰੀ ਤੋਂ ਬਚਾਅ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਇਸ ਮੌਕੇ ਐਲ.ਐਚ.ਵੀ. ਗੁਰਜਿੰਦਰ ਕੌਰ ਅਤੇ ਏ.ਐਨ.ਐਮ. ਗੁਰਪ੍ਰੀਤ ਕੌਰ ਵੀ ਹਾਜ਼ਰ ਸਨ।

— Jiwan kumar, Bathinda

POLITICS

ਨਗਰ ਨਿਗਮ ਵਿੱਚ ਕਮਿਸ਼ਨਰਾਂ ਦੇ ਤਬਾਦਲਿਆਂ 'ਤੇ ਗੁਰਦੇਵ ਸ਼ਰਮਾ ਦੇਬੀ ਨੇ 'ਆਪ' ਸਰਕਾਰ ਨੂੰ ਘੇਰਿਆ ਕਿਹਾ, “ਆਮ ਆਦਮੀ ਪਾਰਟੀ ਆਪਣੇ ਵਿਧਾਇਕਾਂ ਅਤੇ ਪਾਰ੍ਟੀਦਾਂ ਦੀਆਂ ਅਸਫਲਤਾਵਾਂ ਨੂੰ ਲੁਕਾਉਣ ਲਈ ਅਧਿਕਾਰੀਆਂ ਦੇ ਤਬਾਦਲੇ ਕਰ ਰਹੀ ਹੈ”



ਨਗਰ ਨਿਗਮ ਵਿੱਚ ਕਮਿਸ਼ਨਰਾਂ ਦੇ ਤਬਾਦਲਿਆਂ 'ਤੇ ਗੁਰਦੇਵ ਸ਼ਰਮਾ ਦੇਬੀ ਨੇ 'ਆਪ' ਸਰਕਾਰ ਨੂੰ ਘੇਰਿਆ

ਕਿਹਾ, “ਆਮ ਆਦਮੀ ਪਾਰਟੀ ਆਪਣੇ ਵਿਧਾਇਕਾਂ ਅਤੇ ਪਾਰ੍ਟੀਦਾਂ ਦੀਆਂ ਅਸਫਲਤਾਵਾਂ ਨੂੰ ਲੁਕਾਉਣ ਲਈ ਅਧਿਕਾਰੀਆਂ ਦੇ ਤਬਾਦਲੇ ਕਰ ਰਹੀ ਹੈ”

ਨਵੇਂ ਕਮਿਸ਼ਨਰ ਦੀ ਨਿਯੁਕਤੀ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਖਜ਼ਾਨਚੀ ਅਤੇ ਲੁਧਿਆਣਾ ਸੈਂਟਰਲ ਵਿਧਾਨਸਭਾ ਹਲਕੇ ਦੇ ਪ੍ਰਭਾਰੀ ਗੁਰਦੇਵ ਸ਼ਰਮਾ ਦੇਬੀ ਨੇ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਨਿਸ਼ਾਨਾ ਬਣਾਇਆ ਹੈ।

ਉਨ੍ਹਾਂ ਨੇ ਕਿਹਾ ਕਿ ਇਹ ਬਹੁਤ ਹੈਰਾਨੀ ਦੀ ਗੱਲ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ਨਗਰ ਨਿਗਮ ਵਿੱਚ ਪੰਜਵੀਂ ਵਾਰ ਕਮਿਸ਼ਨਰ ਦਾ ਤਬਾਦਲਾ ਕੀਤਾ ਗਿਆ ਹੈ। ਇਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਪਿਛਲੇ ਕਮਿਸ਼ਨਰ ਦਾ ਤਬਾਦਲਾ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਵਿੱਚ ਕਰ ਦਿੱਤਾ ਗਿਆ ਹੈ।

ਗੁਰਦੇਵ ਸ਼ਰਮਾ ਦੇਬੀ ਨੇ ਕਿਹਾ ਕਿ ਨਗਰ ਨਿਗਮ, ਸਥਾਨਕ ਨਿਗਮ ਵਿਭਾਗ ਅਤੇ ਆਮ ਆਦਮੀ ਪਾਰਟੀ ਆਪਣੇ ਵਿਧਾਇਕਾਂ ਅਤੇ ਪਾਰ੍ਟੀਦਾਂ ਦੀਆਂ ਅਸਫਲਤਾਵਾਂ ਨੂੰ ਲੁਕਾਉਣ ਲਈ ਵਾਰ-ਵਾਰ ਅਧਿਕਾਰੀਆਂ ਦੇ ਤਬਾਦਲੇ ਕਰ ਰਹੀ ਹੈ। ਜਦਕਿ ਅਸਲ ਕਮੀ ਸੱਤਾਧਾਰੀ ਪਾਰਟੀ ਦੇ ਵਿਧਾਇਕਾਂ ਅਤੇ ਪਾਰ੍ਟੀਦਾਂ ਦੇ ਕਾਰਜਸ਼ੈਲੀ ਵਿੱਚ ਹੈ, ਜੋ ਲੋਕਾਂ ਦੇ ਕੰਮ ਕਰਵਾਉਣ ਵਿੱਚ ਅਸਫਲ ਸਾਬਤ ਹੋ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਲੁਧਿਆਣਾ ਵਿੱਚ ਟੁੱਟੀਆਂ ਸੜਕਾਂ ਅਤੇ ਕੂੜੇ ਦੀ ਸਮੱਸਿਆ ਨੇ ਲੋਕਾਂ ਦਾ ਜੀਣਾ ਮੁਸ਼ਕਲ ਕਰ ਦਿੱਤਾ ਹੈ। ਇਸ ਦਾ ਖ਼ਾਮਿਆਜ਼ਾ ਸਫਾਈ ਕਰਮਚਾਰੀਆਂ ਨੂੰ ਵੀ ਭੁਗਤਣਾ ਪੈ ਰਿਹਾ ਹੈ।

ਉਨ੍ਹਾਂ ਨੇ ਇਲਜ਼ਾਮ ਲਾਇਆ ਕਿ ਸੱਤਾਧਾਰੀ ਪਾਰਟੀ ਦੇ ਨੇਤਾਵਾਂ ਵਿੱਚ ਆਪਸੀ ਖਿੱਚ-ਤਾਨ ਕਾਰਨ ਲੁਧਿਆਣਾ ਦੇ ਲੋਕਾਂ ਅਤੇ ਨਗਰ ਨਿਗਮ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ।

ਅੰਤ ਵਿੱਚ ਉਨ੍ਹਾਂ ਨੇ ਕਿਹਾ ਕਿ ਸਰਕਾਰ ਨੂੰ ਅਧਿਕਾਰੀਆਂ ਦੇ ਤਬਾਦਲੇ ਕਰਨ ਦੀ ਬਜਾਏ ਆਪਣੀ ਨੀਅਤ ਅਤੇ ਨੀਤੀ ਬਦਲਣ ਦੀ ਲੋੜ ਹੈ। ਵਿਧਾਇਕਾਂ ਨੂੰ ਵੀ ਆਪਣੀ ਕਾਰਜਸ਼ੈਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ।

ਗੁਰਦੇਵ ਸ਼ਰਮਾ ਦੇਬੀ ਨੇ ਕਿਹਾ ਕਿ ਅਧਿਕਾਰੀ ਬਦਲਣ ਨਾਲ ਕੁਝ ਨਹੀਂ ਹੋਵੇਗਾ, ਸਰਕਾਰ ਨੂੰ ਆਪਣੀ ਨੀਅਤ ਅਤੇ ਨੀਤੀ ਬਦਲਣ ਦੀ ਲੋੜ ਹੈ।

— Jaspreet singh, Ludhiana

ਬਕਾਇਆ ਭੁਗਤਾਨਾਂ ਕਾਰਨ ਸਪਾਈਸਜੈੱਟ ਦੀਆਂ ਉਡਾਣਾਂ ਪ੍ਰਭਾਵਿਤ



ਵਿੱਤੀ ਸੰਕਟ ਅਤੇ ਹਵਾਈ ਅੱਡੇ ਦੇ ਬਕਾਇਆ ਭੁਗਤਾਨਾਂ ਕਾਰਨ ਸਪਾਈਸਜੈੱਟ ਦੀਆਂ ਉਡਾਣਾਂ ਪ੍ਰਭਾਵਿਤ

ਰਿਪੋਰਟਰ: ਫੈਰੀ ਭਾਟੀਆ

13 ਨਵੰਬਰ 2026

ਦੇਸ਼ ਦੀ ਹਵਾਈ ਸੇਵਾ ਕੰਪਨੀ ਸਪਾਈਸਜੈੱਟ ਨੂੰ ਇੱਕ ਵਾਰ ਫਿਰ ਵਿੱਤੀ ਅਤੇ ਪ੍ਰਬੰਧਕੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਿਪੋਰਟਾਂ ਅਨੁਸਾਰ, ਹਵਾਈ ਅੱਡਿਆਂ ਦੇ ਬਕਾਇਆ ਭੁਗਤਾਨ ਨਾ ਹੋਣ ਕਾਰਨ ਕੰਪਨੀ ਦੀਆਂ ਕੁਝ ਉਡਾਣਾਂ ਪ੍ਰਭਾਵਿਤ ਹੋਈਆਂ ਹਨ ਅਤੇ ਕਈ ਉਡਾਣਾਂ ਰੱਦ ਹੋਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ।

ਦੁਬਈ ਹਵਾਈ ਅੱਡਾ ਪ੍ਰਬੰਧਨ ਵੱਲੋਂ ਬਕਾਇਆ ਰਕਮ ਨੂੰ ਲੈ ਕੇ ਸਪਾਈਸਜੈੱਟ ਦੀਆਂ ਕੁਝ ਸੇਵਾਵਾਂ ਮੁਅੱਤਲ ਕੀਤੇ ਜਾਣ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ। ਇਸ ਕਾਰਨ ਯਾਤਰੀਆਂ ਨੂੰ ਕਾਫ਼ੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਤੋਂ ਇਲਾਵਾ, ਕੰਪਨੀ ਪਹਿਲਾਂ ਹੀ ਵਿੱਤੀ ਦਬਾਅ, ਜਹਾਜ਼ਾਂ ਦੀ ਉਪਲਬਧਤਾ ਅਤੇ ਸੰਚਾਲਨ ਸਬੰਧੀ ਚੁਣੌਤੀਆਂ ਨਾਲ ਜੂਝ ਰਹੀ ਹੈ। ਇਨ੍ਹਾਂ ਸਮੱਸਿਆਵਾਂ ਕਾਰਨ ਉਡਾਣਾਂ ਦੇ ਨਿਰਧਾਰਤ ਸਮੇਂ ਅਤੇ ਸੇਵਾਵਾਂ 'ਤੇ ਅਸਰ ਪੈ ਰਿਹਾ ਹੈ।

ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਹਵਾਈ ਅੱਡੇ ਲਈ ਰਵਾਨਾ ਹੋਣ ਤੋਂ ਪਹਿਲਾਂ ਆਪਣੀ ਉਡਾਣ ਦੀ ਸਥਿਤੀ ਸਪਾਈਸਜੈੱਟ ਦੀ ਅਧਿਕਾਰਤ ਵੈੱਬਸਾਈਟ ਜਾਂ ਗਾਹਕ ਸੇਵਾ ਰਾਹੀਂ ਜ਼ਰੂਰ ਜਾਂਚ ਲੈਣ।

ਇਸ ਘਟਨਾਕ੍ਰਮ ਨੇ ਇੱਕ ਵਾਰ ਫਿਰ ਹਵਾਈ ਯਾਤਰਾ ਖੇਤਰ ਵਿੱਚ ਵਿੱਤੀ ਸਥਿਰਤਾ ਅਤੇ ਯਾਤਰੀਆਂ ਦੀ ਸਹੂਲਤ ਨੂੰ ਲੈ ਕੇ ਸਵਾਲ ਖੜ੍ਹੇ ਕਰ ਦਿੱਤੇ ਹਨ।

— Ferry Bhatia, Amritsar

ਸੱਜਾਦ ਅਲਮ ਨੇ ਹਜ਼ਰਤ ਨਿਜ਼ਾਮੁਦਦਿਨ ਦੀ ਦਰਗਾਹ 'ਤੇ ਸ਼ਾਂਤੀ ਅਤੇ ਭਾਈਚਾਰੇ ਲਈ ਦੁਆ ਕੀਤੀ



ਸੱਜਾਦ ਅਲਮ ਨੇ ਹਜ਼ਰਤ ਨਿਜ਼ਾਮੁਦਦਿਨ ਔਲੀਆ ਰਹਮਤੁੱਲਾਹ ਅਲੈਹ ਦੀ ਦਰਗਾਹ ਸ਼ਰੀਫ 'ਤੇ ਸੱਜਾ ਦੌੜਾ ਕਰਕੇ ਹਾਜ਼ਰੀ ਦਿੱਤੀ। ਇਸ ਦੌਰਾਨ ਉਨ੍ਹਾਂ ਨੇ ਫਾਤਿਹਾ ਪੜ੍ਹੀ ਅਤੇ ਦੇਸ਼ ਵਿੱਚ ਅਮਨ-ਸ਼ਾਂਤੀ, ਆਪਸੀ ਭਾਈਚਾਰੇ, ਮਨੁੱਖਤਾ ਅਤੇ ਸਮਾਜ ਦੀ ਖੁਸ਼ਹਾਲੀ ਲਈ ਦੁਆ ਮੰਗੀ।

ਉਨ੍ਹਾਂ ਨੇ ਕਿਹਾ ਕਿ ਸੂਫੀ ਸੰਤਾਂ ਦੀਆਂ ਸਿੱਖਿਆਵਾਂ ਸਾਨੂੰ ਮੋਹੱਬਤ, ਮਨੁੱਖਤਾ, ਏਕਤਾ ਅਤੇ ਆਪਸੀ ਸਦਭਾਵ ਦਾ ਸੁਨੇਹਾ ਦਿੰਦੀਆਂ ਹਨ। ਅੱਜ ਦੇ ਦੌਰ ਵਿੱਚ ਇਹ ਸਿੱਖਿਆਵਾਂ ਅਪਣਾਉਣਾ ਬਹੁਤ ਜ਼ਰੂਰੀ ਹੈ।

ਸੱਜਾਦ ਅਲਮ ਨੇ ਜ਼ੋਰ ਦਿੱਤਾ ਕਿ ਸਮਾਜ ਵਿੱਚ ਨਫ਼ਰਤ ਦੀ ਥਾਂ ਮੋਹੱਬਤ ਅਤੇ ਭੇਦਭਾਵ ਦੀ ਥਾਂ ਭਾਈਚਾਰੇ ਨੂੰ ਵਧਾਵਾ ਦੇਣਾ ਹੀ ਸੂਫੀ ਸੰਤਾਂ ਦੇ ਸੁਨੇਹੇ ਦੀ ਸੱਚੀ ਸ਼ਰਧਾਂਜਲੀ ਹੈ।

ਉਹ ਹਕ਼ ਦੀ ਆਵਾਜ਼ ਟਰਸਟ (ਰਜੀ.) ਦੇ ਸੰਸਥਾਪਕ ਹਨ।

— Sajjad Alam, New Delhi

POLITICS

ਹਰਪ੍ਰੀਤ ਸਿੰਘ ਕੋਟ ਸੰਗਤ ਨੂੰ ਸੰਬੋਧਨ ਕਰਦੇ ਹੋਏ



ਤਰਨ ਤਾਰਨ 13 ਨਵੰਬਰ (ਪ੍ਰਕਾਸ਼ ਸਿੰਘ)

ਕਿਹਾ

ਮੈਂ ਅਕਸਰ ਕਹਿੰਦਾ ਹੁੰਦਾ ਹਾਂ, ਸੰਗਤ ਵੱਡੀ ਹੁੰਦੀ ਹੈ ਕੋਈ ਵਿਅਕਤੀ ਵਿਸ਼ੇਸ਼ ਨਹੀਂ।

ਹਲਕਾ ਖਡੂਰ ਸਾਹਿਬ ਦੇ ਸੰਗਤ ਵਲੋਂ ਜੋ ਪਿਆਰ, ਅਸੀਸਾਂ, ਅਸ਼ੀਰਵਾਦ, ਦੁਆਵਾਂ ਦਿੱਤੀਆਂ ਜਾ ਰਹੀਆਂ ਹਨ, ਹਮੇਸ਼ਾ ਰਿਣੀ ਰਹਾਂਗਾ।

ਮੈ ਸਮੁੱਚੀ ਟੀਮ ਦਾ ਧੰਨਵਾਦੀ ਹਾਂ, ਵੱਖ ਵੱਖ ਪਿੰਡਾਂ ਵਿੱਚ ਦਿਨ ਰਾਤ ਪ੍ਰਚਾਰ ਕਰ ਰਹੀ ਹੈ। ਜਿਹੜੇ ਨਵੇਂ ਸਾਥੀ ਟੀਮ ਦਾ ਹਿੱਸਾ ਬਣ ਰਹੇ ਹਨ ਸਾਰੇ ਮਿਲਕੇ ਕੰਮ ਕਰਾਂਗੇ।

ਸਰਬੱਤ ਦਾ ਭਲਾ ਹਰ ਮੈਦਾਨ ਫ਼ਤਿਹ ।

— Parkash singh

CRIME

ਦੋ ਮਹਿਲਾਵਾਂ ਦੀ ਖੇਤ ਵਿੱਚ ਘਟਨਾ: ਲੜਕੇ 'ਤੇ ਛੇੜਖਾਨੇ ਦਾ ਦੋਸ਼, ਸਥਾਨਕ ਲੋਕਾਂ ਨੇ ਕਟਾਪਾ ਚਾੜ ਦਿੱਤਾ



ਬੀਤੀ ਰਾਤ, ਦੋ ਮਹਿਲਾਵਾਂ ਖੇਤ ਵਿੱਚ ਪੱਠੇ ਬਣਾਉਣ ਲਈ ਤਿਆਰ ਹੋ ਰਹੀਆਂ ਸਨ।

ਉਸ ਦੌਰਾਨ, ਸਥਾਨਕ ਲੋਕਾਂ ਨੇ ਦੱਸਿਆ ਕਿ ਇੱਕ ਲੜਕੇ ਨੇ ਉਨ੍ਹਾਂ ਨੂੰ ਛੇੜਖਾਨਾ ਕੀਤਾ।

ਇਸ ਦਾਅਵੇ 'ਤੇ, ਮੌਕੇ ਤੇ ਲੋਕਾਂ ਨੇ ਉਸ ਲੜਕੇ ਨੂੰ ਕਟਾਪਾ ਚਾੜ ਦਿੱਤਾ।

— Amandeep Singh